# ਪੰਜਾਬ ਸਿੱਖਿਆ ਕ੍ਰਾਂਤੀ

ਸਿੱਖਿਆ ਦਰਪਣ: ਤ੍ਰੈ-ਮਾਸਿਕ ਖ਼ਬਰਨਾਮਾ

ਪੰਜਾਬ ਦੇ ਸਕੂਲਾਂ ਦੇ ਸੁਪਨਿਆਂ ਦਾ ਸਫ਼ਰ

ਤਾਰੀਖ: 7 ਮਈ 2025 | ਬੁਧਵਾਰ

Vol : 1 No. 3

Department of School Education Punjab

@schooledu_pb

@department_of_school_edu_pb


## ਪੰਜਾਬ ਸਰਕਾਰ ਨੇ 3,000 ਤੋਂ ਵੱਧ ਨਵੇਂ ਈ ਟੀ ਟੀ ਅਧਿਆਪਕ ਨਿਯੁਕਤ ਕੀਤੇ

ਪੰਜਾਬ ਸਰਕਾਰ ਨੇ 3,000 ਤੋਂ ਵੱਧ ਨਵੇਂ ਈ ਟੀ ਟੀ ਅਧਿਆਪਕ ਨਿਯੁਕਤ ਕੀਤੇ। ਪੰਜਾਬ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਹੋਰ ਵਧਾਉਣ ਲਈ, ਸੂਬਾ ਸਰਕਾਰ ਵੱਲੋਂ **3,381 ਨਵੇਂ ਐਲੀਮੈਂਟਰੀ ਟੀਚਰ ਟ੍ਰੇਨਿੰਗ (ETT) ਅਧਿਆਪਕਾਂ** ਦੀ ਨਿਯੁਕਤੀ ਕੀਤੀ  ਜਾ ਰਹੀ ਹੈ। ਇਸ ਮਹੱਤਵਪੂਰਨ ਕਦਮ ਦਾ ਉਦੇਸ਼ ਯੋਗ ਅਧਿਆਪਕਾਂ ਦੇ ਸਟਾਫ਼ ਦੀ ਲੋੜ ਨੂੰ ਪੂਰਾ ਕਰਕੇ, ਸਕੂਲਾਂ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣਾ ਹੈ।

ਪਹਿਲੇ ਪੜਾਅ ਵਿੱਚ, **951 ਅਧਿਆਪਕਾਂ ਨੂੰ ਮਾਰਚ** 2025 ਵਿੱਚ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ, ਜੋ ਸੂਬਾ ਸਰਕਾਰ ਵੱਲੋਂ ਮਿੱਥੇ ਵਿਦਿਅਕ ਟੀਚਿਆਂ ਨੂੰ ਪੂਰਾ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਦੂਜੇ ਪੜਾਅ ਵਿੱਚ ਜਲਦ ਹੀ 2,430 ਹੋਰ ਅਧਿਆਪਕਾਂ ਨੂੰ ਨਿਯੁਕਤ ਕਰਕੇ ਕਾਰਜਭਾਰ ਸੌਂਪਿਆ ਜਾਵੇਗਾ।

**ਯੋਗਤਾ ਅਤੇ ਪਾਰਦਰਸ਼ਤਾ ਪ੍ਰਤੀ ਵਚਨਬੱਧਤਾ:**

ਨਿਯੁਕਤੀਆਂ ਯੋਗਤਾ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ, ਜਿਸ ਵਿੱਚ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਲਈ ਕੋਈ ਥਾਂ ਨਹੀਂ ਹੈ। ਇਹ ਪਹਿਲਕਦਮੀ ਭਰਤੀ ਪ੍ਰਕ੍ਰਿਆ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਅਤੇ ਨੌਜਵਾਨਾਂ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।



ਇੱਕ ਈਟੀਟੀ ਅਧਿਆਪਕਾ ਬੱਚੀ ਨੂੰ ਪੜ੍ਹਾਉਂਦੀ ਹੋਈ



ਈ ਟੀ ਟੀ ਅਧਿਆਪਕਾਂ ਮਾਪਿਆਂ ਨਾਲ ਮਿਲਣੀ ਦੌਰਾਨ

**ਬਦਲਾਅ ਦੇ ਵਾਹਕ ਦੇ ਰੂਪ ਵਿੱਚ ਅਧਿਆਪਕ:**

ਨਵੇਂ ਨਿਯੁਕਤ ਕੀਤੇ ਈ ਟੀ ਟੀ ਅਧਿਆਪਕਾਂ ਤੋਂ ਸਿੱਖਿਆ ਵਿੱਚ ਬਦਲਾਅ ਲਈ ਵਾਹਕ ਬਣਨ ਦੀ ਉਮੀਦ ਕੀਤੀ ਜਾਂਦੀ ਹੈ। ਉਨ੍ਹਾਂ ਦਾ ਧਿਆਨ ਸਿੱਖਣ-ਸਿਖਾਉਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ 'ਤੇ ਹੋਵੇਗਾ ਅਤੇ ਇਸ ਗੱਲ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਅਧਿਆਪਨ ਹੀ ਉਨ੍ਹਾਂ ਦੀ ਮੁੱਢਲੀ ਜ਼ਿੰਮੇਵਾਰੀ ਬਣੀ ਰਹੇ। ਗੈਰ-ਅਧਿਆਪਨ ਕਾਰਜਾਂ ਦੇ ਬੋਝ ਤੋਂ ਅਧਿਆਪਕਾਂ ਨੂੰ ਮੁਕਤ ਕੀਤਾ ਗਿਆ ਹੈ ਜੋ ਪਹਿਲਾਂ ਉਨ੍ਹਾਂ ਦੀ ਅਧਿਆਪਨ ਪ੍ਰਭਾਵਸ਼ੀਲਤਾ ਵਿੱਚ ਰੁਕਾਵਟ ਬਣਦੇ ਰਹੇ ਹਨ। ਇਹ ਪਹਿਲਕਦਮੀ ਪੰਜਾਬ ਦੇ ਸਿੱਖਿਆ ਖੇਤਰ ਵਿੱਚ ਸੁਧਾਰ ਲਿਆਉਣ ਲਈ ਸਰਕਾਰ ਦੀ ਪ੍ਰਤੀਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੇ ਸੰਚਾਲਨ ਹੇਠ, ਪੰਜਾਬ ਵਿੱਚ ਪਾਰਦਰਸ਼ੀ ਅਤੇ ਯੋਗਤਾ-ਅਧਾਰਿਤ ਪ੍ਰਕਿਰਿਆ ਰਾਹੀਂ 3,381 ਈ ਟੀ ਟੀ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਪਹਿਲੇ ਗੇੜ ਵਿੱਚ ਕ੍ਰਮਵਾਰ 951 ਅਤੇ ਦੂਜੇ ਗੇੜ ਵਿੱਚ 2,430 ਅਧਿਆਪਕਾਂ ਨੂੰ ਭਰਤੀ ਕੀਤਾ ਗਿਆ ਹੈ। 35 ਮਹੀਨਿਆਂ ਵਿੱਚ, **ਸਰਕਾਰ ਨੇ 50,892 ਅਸਾਮੀਆਂ 'ਤੇ ਨਿਯੁਕਤੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚੋਂ 11,000 ਤੋਂ ਵੱਧ ਇਕੱਲੇ ਸਿੱਖਿਆ ਵਿਭਾਗ ਵਿੱਚ ਭਰਤੀਆਂ ਕੀਤੀਆਂ ਗਈਆਂ ਹਨ**, ਜੋ ਲੋਕ-ਸੇਵਾ ਦੇ ਖੇਤਰ ਵਿੱਚ ਸੂਬਾ ਸਰਕਾਰ ਦੀ ਨਿਰਪੱਖਤਾ ਅਤੇ ਇਮਾਨਦਾਰੀ ਪ੍ਰਤੀ ਦ੍ਰਿੜ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਪੰਜਾਬ ਦੀ ਸਿੱਖਿਆ ਕ੍ਰਾਂਤੀ ਜਾਰੀ ਹੈ: ਅਧਿਆਪਕਾਂ ਦਾ ਨਵਾਂ ਬੈਚ ਸਿਖਲਾਈ ਯਾਤਰਾ 'ਤੇ ਫਿਨਲੈਂਡ ਰਵਾਨਾ

**ਪੰਜਾਬ ਦੇ ਅਧਿਆਪਕ ਤਕਨੀਕੀ ਤਾਲੀਮ ਲਈ ਫਿਨਲੈਂਡ ਰਵਾਨਾ**

ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਨਿਰੰਤਰ ਯਤਨਾਂ ਦੇ ਵਜੋਂ, ਪੰਜਾਬ ਸਰਕਾਰ ਨੇ ਮਾਰਚ 2025 ਵਿੱਚ ਪ੍ਰਾਇਮਰੀ ਸਕੂਲਾਂ ਦੇ 72 **ਅਧਿਆਪਕਾਂ ਨੂੰ** 'ਯੂਨੀਵਰਸਿਟੀ ਆਫ਼ ਤੁਰਕੂ' ਵਿਖੇ ਦੋ ਹਫ਼ਤਿਆਂ ਦੇ ਸਿਖਲਾਈ ਪ੍ਰੋਗਰਾਮ ਲਈ **ਫਿਨਲੈਂਡ ਭੇਜਿਆ** ਹੈ। ਇਹ ਪਹਿਲ ਅਕਤੂਬਰ 2024 ਵਿੱਚ ਯਾਤਰਾ ਕਰਨ ਵਾਲੇ ਪਹਿਲੇ ਬੈਚ ਦੀ ਸਫਲਤਾ 'ਤੇ ਆਧਾਰਿਤ ਹੈ ਅਤੇ ਇਸਦਾ ਉਦੇਸ਼ ਅਧਿਆਪਕਾਂ ਨੂੰ ਵਿਸ਼ਵਵਿਆਪੀ ਸਰਵੋਤਮ ਤਜਰਬਿਆਂ ਨਾਲ ਲੈਸ ਕਰਨਾ ਹੈ।

ਫਿਨਲੈਂਡ ਵਿੱਚ ਸਿਖਲਾਈ ਪ੍ਰਾਪਤ ਕਰਕੇ, ਪੰਜਾਬ ਦੇ ਅਧਿਆਪਕ ਨਵੀਨਤਮ ਅਧਿਆਪਨ ਤਰੀਕਿਆਂ ਅਤੇ ਡਿਜੀਟਲ ਸਿਖਲਾਈ ਦੀ ਪ੍ਰਭਾਵਸ਼ਾਲੀ ਵਰਤੋਂ ਵਿੱਚ ਤਜਰਬਾ ਹਾਸਿਲ ਕਰਨਗੇ, ਜਿਸਨੂੰ ਉਹ ਆਪਣੇ ਜਮਾਤਾਂ ਵਿੱਚ ਲਾਗੂ ਕਰ ਕੇ ਇੱਕ ਵਧੇਰੇ ਦਿਲਚਸਪ ਅਤੇ ਪ੍ਰਭਾਵਸ਼ਾਲੀ ਸਿੱਖਿਆ ਦਾ ਮਾਹੌਲ ਬਣਾ ਸਕਦੇ ਹਨ।



ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਮਾਨ ਨੇ 72 ਅਧਿਆਪਕਾਂ ਨੂੰ 2 ਹਫ਼ਤਿਆਂ ਦੇ ਸਿਖਲਾਈ ਪ੍ਰੋਗਰਾਮ ਲਈ ਫਿਨਲੈਂਡ ਭੇਜਿਆ

**'ਟ੍ਰੇਨ ਦੀ ਟ੍ਰੇਨਰ' ਰਾਹੀਂ ਸਥਾਈ ਪ੍ਰਭਾਵ**

ਪ੍ਰੋਗਰਾਮ ਦਾ ਇੱਕ ਮੁੱਖ ਭਾਗ "ਟ੍ਰੇਨ ਦੀ ਟ੍ਰੇਨਰ" ਪਹੁੰਚ, ਇਹ ਯਕੀਨੀ ਬਣਾਉਂਦਾ ਹੈ ਕਿ ਭਾਗ ਲੈਣ ਵਾਲੇ ਅਧਿਆਪਕਾਂ ਦੁਆਰਾ ਪ੍ਰਾਪਤ ਗਿਆਨ ਨੂੰ ਉਨ੍ਹਾਂ ਦੇ ਸਾਥੀਆਂ ਨਾਲ ਸਾਂਝਾ ਕੀਤਾ ਜਾਵੇ। ਇਹ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰਾਂ ਨੂੰ ਬਿਹਤਰ ਬਣਾਉਣ ਅਤੇ ਸਿੱਖਿਆ ਪ੍ਰਣਾਲੀ ਵਿੱਚ ਲੰਬੇ ਸਮੇਂ ਲਈ ਉਸਾਰੂ ਤਬਦੀਲੀਆਂ ਲਿਆਉਣ ਵਿੱਚ ਮਦਦ ਕਰੇਗਾ। ਇਹ ਪਹਿਲਕਦਮੀ ਵਿਦਿਆਰਥੀਆਂ ਦੀ ਪੜ੍ਹਾਈ/ਸਿਖਲਾਈ ਅਤੇ ਨਤੀਜਿਆਂ ਨੂੰ ਵਧੇਰੇ ਚੰਗਾ ਬਣਾਉਣ ਲਈ ਨਵੀਆਂ ਵਿਦਿਅਕ ਰਣਨੀਤੀਆਂ ਅਪਣਾਉਣ ਲਈ ਪੰਜਾਬ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਸਕੂਲ ਪ੍ਰਬੰਧਾਂ ਦੀ ਮਜ਼ਬੂਤੀ

Disclaimer: Details and photos in this newsletter are for informational purposes. We recommend verification before usage.

# ਸਿੱਖਿਆ ਵਿੱਚ ਉੱਤਮਤਾ ਲਈ 161 ਸਰਕਾਰੀ ਸਕੂਲਾਂ ਨੂੰ 11 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ

ਸ਼ਾਨਦਾਰ ਸਕੂਲਾਂ ਦਾ ਸਨਮਾਨ

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ **ਸ. ਹਰਜੋਤ ਸਿੰਘ ਬੈਂਸ** ਨੇ ਸਿੱਖਿਆ ਵਿੱਚ ਗੁਣਵੱਤਾ ਅਤੇ ਪ੍ਰਤੀਬੱਧਤਾ ਨੂੰ ਇਤਿਹਾਸਕ ਮਾਨਤਾ ਦਿੰਦਿਆਂ **161 ਸਰਕਾਰੀ ਸਕੂਲਾਂ ਨੂੰ ₹11 ਕਰੋੜ ਦੀ ਕੁੱਲ ਇਨਾਮੀ ਰਾਸ਼ੀ** ਪ੍ਰਦਾਨ ਕਰਦੇ ਹੋਏ **ਸਰਵੋਤਮ ਸਕੂਲ ਪੁਰਸਕਾਰ ਨਾਲ ਸਨਮਾਨਿਤ** ਕੀਤਾ ਹੈ। ਇਹ ਪੁਰਸਕਾਰ ਸਮਾਰੋਹ ਐਮ ਸੀ ਭਵਨ ਵਿਖੇ ਅਕਾਦਮਿਕ, ਭਾਈਚਾਰਕ ਸਮੂਲੀਅਤ ਅਤੇ ਬੁਨਿਆਦੀ ਢਾਂਚੇ ਵਿੱਚ ਉੱਤਮਤਾ ਦਾ ਪ੍ਰਦਰਸ਼ਨ ਕਰਨ ਵਾਲੇ ਸਕੂਲਾਂ ਨੂੰ ਸਨਮਾਨਿਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ।

ਇਹ ਪੁਰਸਕਾਰ **ਅਕਾਦਮਿਕ ਸੈਸ਼ਨ 2023-24 ਲਈ 92 ਅਤੇ 2024-25 ਲਈ 69** ਸਕੂਲਾਂ ਨੂੰ ਦਿੱਤੇ ਗਏ। ਇਨ੍ਹਾਂ ਵਿੱਚ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਸ਼ਾਮਿਲ ਸਨ। **ਪੁਰਸਕਾਰ ਢਾਂਚੇ ਅਨੁਸਾਰ ਪ੍ਰਾਇਮਰੀ ਸਕੂਲਾਂ ਨੂੰ ₹2.5 ਲੱਖ, ਮਿਡਲ ਸਕੂਲਾਂ ਨੂੰ ₹5 ਲੱਖ, ਹਾਈ ਸਕੂਲਾਂ ਨੂੰ ₹7.5 ਲੱਖ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ₹10-₹10 ਲੱਖ ਦਿੱਤੇ ਗਏ।** ਚੋਣ ਯੋਗਤਾ-ਅਧਾਰਤ ਪ੍ਰਣਾਲੀ ਰਾਹੀਂ ਕੀਤੀ ਗਈ ਸੀ ਜੋ ਵਿਦਿਆਰਥੀਆਂ ਦੀ ਕਾਰਗੁਜ਼ਾਰੀ, ਹਾਜ਼ਰੀ, ਸਕੂਲ ਦੇ ਬੁਨਿਆਦੀ ਢਾਂਚੇ ਅਤੇ ਭਾਈਚਾਰਕ ਭਾਗੀਦਾਰੀ ਵਰਗੇ ਪ੍ਰਮੁੱਖ ਮਾਪਦੰਡਾਂ 'ਤੇ ਕੇਂਦ੍ਰਿਤ ਸੀ।




**ਮਾਨਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕਰਦੇ ਹੋਏ**




**ਮਾਨਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕਰਦੇ ਹੋਏ**

ਪੁਰਸਕਾਰ ਜੇਤੂ ਸਕੂਲਾਂ ਨੂੰ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਕੂਲ ਸੂਬੇ ਭਰ ਦੇ ਹੋਰਨਾਂ ਸਕੂਲਾਂ ਲਈ ਰੋਲ ਮਾਡਲ ਵਜੋਂ ਕੰਮ ਕਰਨਗੇ। ਉਨ੍ਹਾਂ ਸਕੂਲ ਮੁਖੀਆਂ ਨੂੰ ਪੰਜਾਬ ਸਰਕਾਰ ਵਿੱਚ ਸਿੱਖਿਆ ਸੁਧਾਰਾਂ ਤਹਿਤ ਬਦਲਾਅ ਦੀ ਅਗਵਾਈ ਜਾਰੀ ਰੱਖਣ ਅਤੇ ਰੰਗਲਾ ਪੰਜਾਬ ਦੇ ਸੁਪਨੇ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਅਗਲੇ ਅਕਾਦਮਿਕ ਸੈਸ਼ਨ ਤੋਂ ਰਾਜ ਪੱਧਰੀ, ਸਰਵੋਤਮ ਸਕੂਲ ਪੁਰਸਕਾਰ ਸ਼ੁਰੂ ਕਰਨ ਦੀ ਸਰਕਾਰ ਦੀ ਯੋਜਨਾ ਦਾ ਵੀ ਐਲਾਨ ਕੀਤਾ।

ਸਕੂਲ ਸਿੱਖਿਆ ਸਕੱਤਰ ਸ਼੍ਰੀਮਤੀ ਅਨਿੰਦਿਤਾ ਮਿੱਤਰਾ ਨੇ ਅਧਿਆਪਕਾਂ ਨੂੰ ਨੈਲਸਨ ਮੰਡੇਲਾ ਦੇ ਸ਼ਬਦਾਂ ਨਾਲ ਪ੍ਰੇਰਿਤ ਕਰਦਿਆਂ ਕਿਹਾ: **"ਸਿੱਖਿਆ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ ਜਿਸਦੀ ਵਰਤੋਂ ਤੁਸੀਂ ਦੁਨੀਆ ਨੂੰ ਬਦਲਣ ਲਈ ਕਰ ਸਕਦੇ ਹੋ।"** ਉਹਨਾਂ ਨੇ ਅਧਿਆਪਕਾਂ ਨੂੰ ਇੱਕ ਜਥੇਬੰਦ ਅਤੇ ਅਗਾਂਹਵਧੂ ਸਮਾਜ ਨੂੰ ਆਕਾਰ ਦਿੰਦੇ ਰਹਿਣ ਦੀ ਅਪੀਲ ਕੀਤੀ। ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਰਾਜੇਸ਼ ਧੀਮਾਨ ਅਤੇ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਪਰਮਜੀਤ ਸਿੰਘ ਵੀ ਸਕੂਲਾਂ ਅਤੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਮੌਜੂਦ ਸਨ। ਇਹ ਮਾਨਤਾ ਨਾ ਸਿਰਫ਼ ਉੱਤਮਤਾ ਦਾ ਜਸ਼ਨ ਮਨਾਉਣ ਲਈ ਹੈ ਬਲਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿਹਤਮੰਦ ਮੁਕਾਬਲੇ, ਸਹਿਯੋਗ ਅਤੇ ਨਿਰੰਤਰ ਸੁਧਾਰ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦੀ ਹੈ।

# ਸੁਪਰ ਸਕੂਲ ਮੁਹਿੰਮ: ਮਾਪਿਆਂ ਨੂੰ ਇਖ਼ਤਿਆਰ ਦੇਣਾ, ਅਰੰਭਿਕ ਸਿੱਖਿਆ ਨੂੰ ਮਜ਼ਬੂਤ ਬਣਾਉਣਾ

ਮਾਪਿਆਂ ਦਾ ਸਾਥ




**ਪ੍ਰੋਜੈਕਟ ਆਰੰਭ ਦੇ ਥੀਮ ਨੂੰ ਪੇਸ਼ ਕਰਦੀ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੇਸ਼ ਕੀਤੀ ਗਈ ਝਾਂਕੀ**

**ਪ੍ਰੋਜੈਕਟ ਆਰੰਭ**: ਪੰਜਾਬ ਸਰਕਾਰ ਨੇ ਪੰਜਾਬ ਵਿਕਾਸ ਕਮਿਸ਼ਨ, SCERT ਅਤੇ ਰਾਕਟ ਲਰਨਿੰਗ ਦੇ ਸਹਿਯੋਗ ਨਾਲ **"ਪ੍ਰੋਗ੍ਰਾਮ ਆਰੰਭ"** ਦੀ ਸ਼ੁਰੂਆਤ ਕੀਤੀ ਹੈ, ਜੋ ਰਾਜ ਭਰ ਵਿੱਚ ਪ੍ਰਾਰੰਭਿਕ ਬਚਪਨ ਸਿੱਖਿਆ (ECE) ਨੂੰ ਬਦਲਣ ਲਈ ਇਕ ਮੌਲਿਕ ਪਹਿਲ ਹੈ। ਇਹ ਪ੍ਰੋਗ੍ਰਾਮ ਮਾਪਿਆਂ ਨੂੰ 3 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਲਈ ਸਿੱਖਣ ਦੀ ਯਾਤਰਾ ਦੇ ਕੇਂਦਰ ਵਿੱਚ ਰੱਖਦਾ ਹੈ ਅਤੇ ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ ਬਚਪਨ ਦੇ ਆਰੰਭਕ ਸਾਲਾਂ ਦੌਰਾਨ ਬੱਚੇ ਦੇ ਬੋਧਾਤਮਕ, ਸਮਾਜਿਕ ਅਤੇ ਭਾਵਨਾਤਮਕ ਵਿਕਾਸ ਵਿੱਚ ਪਰਿਵਾਰਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕਰਦਾ ਹੈ।

ਪ੍ਰੋਗ੍ਰਾਮ ਆਰੰਭ, ਘਰ ਅਤੇ ਸਕੂਲ ਦੀ ਸਿੱਖਿਆ ਵਿਚਕਾਰ ਦੇ ਅੰਤਰ ਨੂੰ ਪੂਰਾ ਕਰਦਾ ਹੈ, ਮਾਪਿਆਂ ਨੂੰ ਸਰਲ ਅਤੇ ਆਸਾਨੀ ਨਾਲ ਉਪਲਬਧ ਸਾਧਨਾਂ ਅਤੇ ਸਮੱਗਰੀ ਨਾਲ ਲੈਸ ਕਰਦਾ ਹੈ। ਵਾਟਸਐਪ-ਆਧਾਰਤ ਲਰਨਿੰਗ ਗਰੁੱਪਾਂ ਰਾਹੀਂ, ਮਾਪਿਆਂ ਨੂੰ ਨਿਯਮਤ ਤੌਰ 'ਤੇ ਸਿੱਖਣ ਵਾਲੀਆਂ ਗਤੀਵਿਧੀਆਂ ਅਤੇ ਸੁਨੇਹੇ ਪ੍ਰਾਪਤ ਹੁੰਦੇ ਹਨ ਜੋ ਉਹਨਾਂ ਨੂੰ ਘਰ ਵਿੱਚ ਆਪਣੇ ਬੱਚੇ ਦੇ ਵਿਕਾਸ ਵਿੱਚ ਮਦਦ ਕਰਨ ਯੋਗ ਬਣਾਉਂਦੇ ਹਨ। ਇਹ ਘੱਟ ਤਕਨੀਕੀ ਪਰ ਸ਼ਕਤੀਸ਼ਾਲੀ ਡਿਜੀਟਲ ਰਣਨੀਤੀ ਨੇ ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਮਜ਼ਬੂਤ ਸੰਚਾਰ ਯਕੀਨੀ ਬਣਾਇਆ ਹੈ ਅਤੇ ਆਰੰਭਕ ਸਿੱਖਣ ਪ੍ਰਕਿਰਿਆ ਵਿੱਚ ਭਾਗੀਦਾਰੀ ਵਧਾਈ ਹੈ।

**ਸੁਪਰ ਸਕੂਲ ਮੁਹਿੰਮ ਦੀ ਸ਼ੁਰੂਆਤ**: ਪ੍ਰੋਜੈਕਟ ਆਰੰਭ ਦੇ ਤਹਿਤ ਇੱਕ ਮਹੱਤਵਪੂਰਨ ਮੀਲ ਪੱਥਰ 2 ਫ਼ਰਵਰੀ 2025 ਨੂੰ **ਸੁਪਰ ਸਕੂਲ ਮੁਹਿੰਮ** ਦੀ ਸ਼ੁਰੂਆਤ ਸੀ। 8 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ, ਇਸ ਮੁਹਿੰਮ ਵਿੱਚ ਉਨ੍ਹਾਂ **5,047 ਪ੍ਰੀ-ਪ੍ਰਾਇਮਰੀ ਸਕੂਲਾਂ** ਨੂੰ ਮਾਨਤਾ ਦੇਣ ਅਤੇ ਸਨਮਾਨ ਦੇਣ ਲਈ ਸ਼ਾਮਿਲ ਕੀਤਾ ਜਿਨ੍ਹਾਂ ਨੇ ਮਾਪਿਆਂ ਦੀ ਸ਼ਮੂਲੀਅਤ ਕਰਵਾਉਣ ਵਿੱਚ ਉੱਚ ਪੱਧਰੀ ਪ੍ਰਦਰਸ਼ਨ ਕੀਤਾ। ਕੁੱਲ **1,347 ਸਕੂਲਾਂ ਨੂੰ** ਪ੍ਰਤੀ ਸਕੂਲ ਘੱਟੋ-ਘੱਟ 10 ਮਾਪਿਆਂ ਨੂੰ ਸ਼ਾਮਿਲ ਕਰਨ ਜਾਂ ਦਾਖਲੇ ਦੇ ਆਧਾਰ 'ਤੇ 100% ਮਾਪਿਆਂ ਦੀ ਸ਼ਮੂਲੀਅਤ ਪ੍ਰਾਪਤ ਕਰਨ ਲਈ **"ਸੁਪਰ ਸਕੂਲ" ਦਾ ਖਿਤਾਬ ਦਿੱਤਾ ਗਿਆ।**

ਇਸ ਮੁਹਿੰਮ ਨੇ ਨਾ ਸਿਰਫ਼ ਸ਼ੁਰੂਆਤੀ ਸਿੱਖਿਆ ਵਿੱਚ ਭਾਈਚਾਰਕ ਭਾਗੀਦਾਰੀ ਦੀ ਸ਼ਕਤੀ ਨੂੰ ਉਜਾਗਰ ਕੀਤਾ, ਸਗੋਂ ਘਰ-ਸਕੂਲ ਸਬੰਧ ਨੂੰ ਮਜ਼ਬੂਤ ਕਰਨ ਲਈ ਸਕੂਲਾਂ ਵਿੱਚ ਸਿਹਤਮੰਦ ਮੁਕਾਬਲਾ ਅਤੇ ਪ੍ਰੋਤਸਾਹਨ ਵੀ ਪੈਦਾ ਕੀਤਾ। ਸੁਪਰ ਸਕੂਲਾਂ ਨੇ ਇਹ ਦਰਸਾਉਣ ਵਿੱਚ ਇੱਕ ਮਾਪਦੰਡ ਸਥਾਪਿਤ ਕੀਤਾ ਹੈ ਕਿ ਜਦੋਂ ਸਕੂਲ ਅਤੇ ਪਰਿਵਾਰ ਮਿਲਕੇ ਕੰਮ ਕਰਦੇ ਹਨ, ਤਾਂ ਬੱਚਿਆਂ ਦੀ ਅਰੰਭਿਕ ਸਿੱਖਿਆ ਮਜ਼ਬੂਤ, ਵਧੇਰੇ ਦਿਲਚਸਪ ਅਤੇ ਡੂੰਘੇ ਰੂਪ ਵਿੱਚ ਪ੍ਰਭਾਵਸ਼ਾਲੀ ਬਣ ਜਾਂਦੀ ਹੈ।



**ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਸ਼ਾਨਦਾਰ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂ ਦਾ ਸਨਮਾਨ**

> "ਮੇਰਾ ਪੁੱਤਰ ਸਾਹਿਬਜੋਤ ਵਟਸਐਪ 'ਤੇ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਖੁਸ਼ੀ ਨਾਲ ਭਾਗ ਲੈਂਦਾ ਹੈ। ਪਹਿਲਾਂ, ਉਸਨੂੰ ਬਿਠਾ ਕੇ ਨੋਟਬੁੱਕ 'ਤੇ ਹੋਮਵਰਕ ਕਰਵਾਉਣਾ ਚੁਣੌਤੀ ਭਰਿਆ ਕੰਮ ਸੀ, ਪਰ ਹੁਣ ਉਸਨੂੰ ਫ਼ੋਨ 'ਤੇ ਗਤੀਵਿਧੀਆਂ ਰਾਹੀਂ ਸਿੱਖਣ ਦਾ ਆਨੰਦ ਆਉਂਦਾ ਹੈ।"
>
> **– ਰਿੰਪੀ ਰਾਣੀ, ਮਾਤਾ-ਪਿਤਾ, ਸੰਤੇ ਮਾਜਰਾ, ਖਰੜ।**

Disclaimer: Details and photos in this newsletter are for informational purposes. We recommend verification before usage.

# ਸਕੂਲ ਦੇ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ 19,000 ਤੋਂ ਵੱਧ ਐਸ ਐਮ ਸੀ ਇਕਾਈਆਂ "ਸਕੂਲ ਦਾ ਬਦਲਾਅ, ਐਸ ਐਮ ਸੀ ਦੇ ਨਾਲ"

ਮਾਪਿਆਂ ਅਤੇ ਐਸ. ਐਮ. ਸੀ. ਮੈਂਬਰਾਂ ਦਾ ਸਾਂਝਾ ਮੰਚ



ਮੈਗਾ ਐਸਐਮਸੀ ਮੀਟਿੰਗ ਦੌਰਾਨ ਜੀਐਸਐਸਐਸ ਗੈਗ ਕਲਾਂ, ਲੁਧਿਆਣਾ ਦੇ ਐਸਐਮਸੀ।

ਸਕੂਲ ਪ੍ਰਬੰਧ ਵਿੱਚ ਭਾਈਚਾਰਕ ਭਾਗੀਦਾਰੀ ਨੂੰ ਮਜ਼ਬੂਤ ਕਰਨ ਲਈ ਇੱਕ ਇਤਿਹਾਸਕ ਕਦਮ ਚੁੱਕਦੇ ਹੋਏ, ਪੰਜਾਬ ਸਕੂਲ ਸਿੱਖਿਆ ਵਿਭਾਗ ਨੇ 11 ਫਰਵਰੀ 2025 ਨੂੰ ਇੱਕ ਸੂਬਾ ਪੱਧਰੀ ਮੈਗਾ ਸਕੂਲ ਮੈਨੇਜਮੈਂਟ ਕਮੇਟੀ (SMC) ਮੀਟਿੰਗ ਦਾ ਆਯੋਜਨ ਕੀਤਾ। ਪਹਿਲੀ ਵਾਰ ਇੱਕੋ ਦਿਨ **19,000 ਤੋਂ ਵੱਧ ਸਰਕਾਰੀ ਸਕੂਲਾਂ ਦੇ 1.68 ਲੱਖ** ਤੋਂ ਵੱਧ SMC ਮੈਂਬਰ **"ਸਕੂਲ ਦਾ ਬਦਲਾਅ, SMC ਦੇ ਨਾਲ"** ਥੀਮ ਹੇਠ ਇਕੱਠੇ ਹੋਏ। ਮੈਗਾ ਐਸ ਐਮ ਸੀ ਮੀਟਿੰਗ ਦਾ ਏਜੰਡਾ 'ਸਕੂਲ ਸਫਾਈ, ਸਕੂਲ ਵਦਾਈ' (ਸਕੂਲਾਂ ਵਿੱਚ ਸਾਫ-ਸਫਾਈ ਅਤੇ ਪਾਣੀ ਦੇ ਚੰਗੇ ਪ੍ਰਬੰਧ ਨੂੰ ਉਤਸ਼ਾਹਿਤ ਕਰਨਾ) ਸੀ।

**ਸੁਚਾਰੂ ਢੰਗ ਦੀ ਯੋਜਨਾਬੰਧੀ ਅਤੇ ਸਰਗਰਮ ਭਾਗੀਦਾਰੀ**

ਮੈਗਾ ਐਸ ਐਮ ਸੀ ਮੀਟਿੰਗ ਤੋਂ ਪਹਿਲਾਂ ਦੇ ਹਫ਼ਤਿਆਂ ਵਿੱਚ, ਮੈਗਾ ਐਸ ਐਮ ਸੀ ਮੀਟਿੰਗ ਕਰਵਾਉਣ ਲਈ ਦਿਸ਼ਾ-ਨਿਰਦੇਸ਼ ਸਾਂਝੇ ਕੀਤੇ ਗਏ ਸਨ, ਅਤੇ ਡੀ ਈ ਓਜ਼ ਨੂੰ ਇਹਨਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਯਕੀਨੀ ਬਨਾਉਣ ਲਈ ਨਿਰਦੇਸ਼ ਦਿੱਤੇ ਗਏ ਸਨ। ਸਕੂਲਾਂ ਨੇ ਐਸ ਐਮ ਸੀ ਮੈਂਬਰਾਂ ਨੂੰ ਸ਼ਾਮਿਲ ਕਰਨ ਲਈ ਨਿੱਜੀ ਰੂਪ ਵਿੱਚ ਸੱਦੇ ਲਾਏ ਗਏ ਅਤੇ ਵਟਸਐਪ 'ਤੇ ਮੈਸੇਜ ਭੇਜੇ ਗਏ ਸਨ। ਉਸ ਦਿਨ ਸਕੂਲ ਮੁਖੀਆਂ ਨੇ ਵਿਚਾਰ-ਵਟਾਂਦਰੇ ਦੀ ਅਗਵਾਈ ਕੀਤੀ, ਮੁੱਖ ਨੁਕਤੇ ਰਿਕਾਰਡ ਕੀਤੇ, ਅਤੇ ਅਧਿਕਾਰੀਆਂ ਨੇ ਸਾਈਟ ਦੇ ਦੌਰੇ ਕੀਤੇ, ਸਹੀ-ਸਮੇਂ ਵਿੱਚ ਸਹਾਇਤਾ ਕੀਤੀ ਅਤੇ ਫੀਡਬੈਕ ਪ੍ਰਾਪਤ ਕੀਤੇ।

**ਮੈਗਾ ਐਸ ਐਮ ਸੀ ਮੀਟਿੰਗ ਦੇ ਮੁੱਖ ਨੁਕਤੇ:**

- **19,110** ਸਰਕਾਰੀ ਸਕੂਲਾਂ ਨੇ ਇੱਕੋ ਦਿਨ ਵਿੱਚ ਹੀ ਦਿਨ ਮੀਟਿੰਗਾਂ ਕੀਤੀਆਂ।
- **1.68 ਲੱਖ ਤੋਂ ਵੱਧ ਐਸ ਐਮ ਸੀ ਮੈਂਬਰਾਂ** ਨੇ ਸਰਗਰਮੀ ਨਾਲ ਹਿੱਸਾ ਲਿਆ।
- ਮੈਗਾ ਐਸ ਐਮ ਸੀ ਮੀਟਿੰਗ ਵਿੱਚ **73,961** ਭਾਈਚਾਰੇ ਦੇ ਮੈਂਬਰਾਂ ਨੇ ਹਿੱਸਾ ਲਿਆ।
- ਪ੍ਰਤੀ ਸਕੂਲ **8 ਤੋਂ 9 ਐਸ ਐਮ ਸੀ ਮੈਂਬਰ** ਮੀਟਿੰਗ ਵਿੱਚ ਸ਼ਾਮਲ ਹੋਏ।
- **85% ਸਕੂਲਾਂ ਵਿਚ ਸਹੂਲਤਾਂ** ਦਾ ਨਿਰੀਖਣ ਕਰਨ ਲਈ ਸਾਕਾਰ ਰੂਪ ਵਿੱਚ ਦੌਰੇ ਕੀਤੇ; 86% ਨੇ ਪੀਣ ਵਾਲੇ ਪਾਣੀ ਦੀ ਸਮੀਖਿਆ ਕੀਤੀ, 82% ਨੇ ਸਫਾਈ ਖੇਤਰਾਂ ਦਾ ਮੁਲਾਂਕਣ ਕੀਤਾ।
- **90% ਤੋਂ ਵੱਧ ਐਸ ਐਮ ਸੀਜ਼ ਨੇ** ਮੈਗਾ ਐਸ ਐਮ ਸੀ ਮੀਟਿੰਗ ਦੇ ਏਜੰਡੇ ਵਜੋਂ ਸਕੂਲ ਦੀ ਸਫਾਈ ਬਾਰੇ ਚਰਚਾ ਕਰਨ ਦੀ ਰਿਪੋਰਟ ਦਿੱਤੀ।
- ਸੂਬਾ ਅਤੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੇ ਮੈਗਾ ਐਸ ਐਮ ਸੀ ਮੀਟਿੰਗ ਵਾਲੇ ਦਿਨ ਸਕੂਲਾਂ ਦਾ ਦੌਰਾ ਕੀਤਾ, ਮੀਟਿੰਗ ਦੀਆਂ ਕਾਰਵਾਈਆਂ ਦੀ ਨਿਗਰਾਨੀ ਕੀਤੀ ਅਤੇ ਸਹਾਇਤਾ ਦੀ ਪੇਸ਼ਕਸ਼ ਕੀਤੀ।





ਐਸ.ਐਮ.ਸੀ. ਮੈਂਬਰਾਂ ਦੀ ਹਾਜ਼ਰੀ ਵਧਾਉਣ ਲਈ ਜਨਤਕ ਸੱਦੇ ਜਾਰੀ।




ਐਸ.ਓ.ਈ. ਕਰਮਪੁਰਾ, ਅੰਮ੍ਰਿਤਸਰ ਦੇ ਐਸ.ਐਮ.ਸੀ ਮੈਂਬਰਾਂ ਦੇ ਸੁਝਾਏ ਗਏ ਏਜੰਡੇ ਅਨੁਸਾਰ ਮੈਗਾ ਮੀਟਿੰਗ ਦਾ ਆਯੋਜਨ।



ਐਸ.ਓ.ਈ. ਬਾਗੜੀਆਂ, ਮਲੇਰਕੋਟਲਾ ਦੇ ਐਸ.ਐਮ.ਸੀ ਮੈਂਬਰ ਸਕੂਲ ਦਾ ਦੌਰ ਕਰਦੇ ਹੋਏ।

**ਮੈਗਾ ਐਸ ਐਮ ਸੀ ਮੀਟਿੰਗ ਵਿੱਚ ਅਪਣਾਈਆਂ ਗਈਆਂ ਵਿਲੱਖਣ ਪ੍ਰਥਾਵਾਂ:**

- ਐਸ ਐਮ ਸੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਦੇ ਆਗੂਆਂ ਤੋਂ ਵੀਡੀਓ ਸੱਦੇ ਅਤੇ ਵਿਦਿਆਰਥੀਆਂ ਤੋਂ ਵੌਇਸ ਨੋਟਸ ਭਿਜਵਾਏ ਗਏ।
- ਡੀਈਓ ਨੇ ਜ਼ਿਲ੍ਹਾ ਪੱਧਰੀ ਅਤੇ ਸਕੂਲ ਦੌਰੇ ਕੀਤੇ ਅਤੇ ਜਿਸ ਵਿੱਚ ਤਿਆਰੀ ਲਈ ਅਪਣਾਈਆਂ ਗਈਆਂ ਚੰਗੀਆਂ ਪ੍ਰਥਾਵਾਂ ਨੂੰ ਸਕੂਲ ਅਧਿਕਾਰੀਆਂ ਅਤੇ ਅਧਿਆਪਕਾਂ ਨਾਲ ਸਾਂਝਾ ਕੀਤਾ ਗਿਆ।
- ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਲੁਧਿਆਣਾ ਅਤੇ ਪਠਾਨਕੋਟ ਨੇ ਪ੍ਰਿੰਸੀਪਲਾਂ, ਬੀ ਪੀ ਈ ਓ ਅਤੇ ਬੀ ਆਰ ਸੀ ਨੂੰ ਐਸ ਐਮ ਸੀ ਮੀਟਿੰਗ ਲਈ ਦਿਸ਼ਾ-ਨਿਰਦੇਸ਼ਾਂ ਅਤੇ ਮੀਟਿੰਗ ਯੋਜਨਾਬੰਦੀ ਬਾਰੇ ਜਾਣੂ ਕਰਵਾਇਆ ਤਾਂ ਜੋ ਮੈਗਾ ਐਸ ਐਮ ਸੀ ਮੀਟਿੰਗ ਲਈ ਪੂਰੀਆਂ ਤਿਆਰੀਆਂ ਨੂੰ ਯਕੀਨੀ ਬਣਾਇਆ ਜਾ ਸਕੇ।
- ਸਰਗਰਮ ਐਸ ਐਮ ਸੀ ਮੈਂਬਰਾਂ ਨੂੰ ਸਰਟੀਫਿਕੇਟ ਦਿੱਤੇ ਗਏ; ਨੇਮ ਪਲੇਟਾਂ ਅਤੇ ਡਿਸਪਲੇਅ ਨਾਲ ਇੱਕ ਸਵਾਗਤ ਲਈ ਸੁਚਾਰੂ ਮਾਹੌਲ ਬਣਾਇਆ ਗਿਆ।
- ਸਮੇਂ ਸਿਰ ਤਿਆਰੀ ਅਤੇ ਵੱਧ ਤੋਂ ਵੱਧ ਐਸ ਐਮ ਸੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਕੂਲ ਮੁਖੀਆਂ ਅਤੇ ਅਧਿਕਾਰੀਆਂ ਨੂੰ ਰੀਮਾਈਂਡਰ, ਸਰੋਤ ਲਿੰਕ ਅਤੇ ਪ੍ਰੇਰਨਾਦਾਇਕ ਸੰਦੇਸ਼ਾਂ ਵਾਲੇ ਨਿਯਮਤ ਵਟਸਐਪ ਮੈਸੇਜ ਭੇਜੇ ਗਏ।





ਸਕੂਲ ਦੇ ਰਾਉਂਡ ਦੌਰਾਨ ਐਸ.ਐਮ.ਸੀ. ਦੇ ਮੈਂਬਰਾਂ ਲਈ ਹਦਾਇਤਾਂ ।

ਗੌਰਮਿੰਟ ਪ੍ਰਾਇਮਰੀ ਸਕੂਲ ਫਰੀਦਪੁਰ,



ਸਕੂਲ ਵਿਕਾਸ ਬਾਰੇ ਗੱਲਬਾਤ ਲਈ ਪੰਚਾਇਤ ਅਤੇ ਐਸਐਮਸੀ ਇਕੱਠੇ ਹੋਏ।

ਪਠਾਨਕੋਟ, ਲੁਧਿਆਣਾ,



ਡੀਈਓਜ਼ ਦੁਆਰਾ ਔਨਲਾਈਨ ਸਕੂਲ ਮੁਖੀਆਂ ਨਾਲ ਤਿਆਰੀ ਲਈ ਗੱਲਬਾਤ।

ਗੌਰਮਿੰਟ ਹਾਈ ਸਕੂਲ ਬਾਰਥ ਸਾਹਿਬ, ਪਠਾਨਕੋਟ



ਡੀਈਓਜ਼ ਨੇਮ ਪਲੇਟਾਂ ਨਾਲ ਐਸਐਮਸੀ ਮੈਂਬਰਾਂ ਦਾ ਸਨਮਾਨ ਕਰਦੇ ਹੋਏ।

ਸਕੂਲ ਆਫ਼ ਐਮੀਨੈਂਸ, ਛਾਜਲੀ, ਸੰਗਰੂਰ



ਐਸਐਮਸੀ ਨੇ ਘਰ-ਘਰ ਸੁਨੇਹੇ ਲਾ ਕੇ ਵਿਦਿਆਰਥੀਆਂ ਦੀ ਹਾਜ਼ਰੀ ਨੂੰ ਵਧਾਇਆ।

Disclaimer: Details and photos in this newsletter are for informational purposes. We recommend verification before usage.

# ਐਕਸ਼ਨ ਵਿੱਚ ਵਿਮਾਨ: ਐਸਓਈ ਘਨੌਰੀ ਕਲਾਂ ਵਿਖੇ ਚੱਕ ਗਲਾਈਡਰ ਸੈਸ਼ਨ



ਪ੍ਰੋਫੈਸਰ ਰਾਜਕੁਮਾਰ ਪੰਤ ਚੱਕ ਗਲਾਈਡਰਾਂ ਦੇ ਕਾਰਜ ਬਾਰੇ ਜਾਣਕਾਰੀ ਦਿੰਦੇ ਹੋਏ।

ਸਕੂਲ ਸਿੱਖਿਆ ਵਿਭਾਗ, ਪੰਜਾਬ, ਵਿਦਿਆਰਥੀਆਂ ਨੂੰ ਸਟੈਮ (STEM) ਸਿੱਖਿਆ ਵਿੱਚ ਦਿਲਚਸਪ ਅਤੇ ਅਨੁਭਵੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹਨਾਂ ਯਤਨ ਦੇ ਹਿੱਸੇ ਵਜੋਂ ਹੀ ਭਾਰਤੀ ਏਅਰਟੈੱਲ ਫਾਊਂਡੇਸ਼ਨ ਦੇ **ਸਹਿਯੋਗ ਨਾਲ** ਘਨੌਰੀ ਕਲਾਂ ਦੇ ਸਕੂਲ ਆਫ਼ ਐਮੀਨੈਂਸ ਵਿਖੇ **ਚੱਕ ਗਲਾਈਡਰਜ਼ 'ਤੇ** ਇੱਕ **ਲੈਕਚਰ-ਕਮ-ਪ੍ਰਦਰਸ਼ਨੀ ਸੈਸ਼ਨ** ਦਾ ਆਯੋਜਨ ਕੀਤਾ ਗਿਆ। **20 ਸਕੂਲਾਂ ਦੇ 300 ਤੋਂ ਵੀ ਜਿਆਦਾ ਵਿਦਿਆਰਥੀਆਂ ਨੇ ਸੈਸ਼ਨ ਵਿੱਚ ਹਿੱਸਾ ਲਿਆ।**

ਚੱਕ ਗਲਾਈਡਰ ਇੱਕ ਹਲਕਾ, ਹੱਥ ਨਾਲ ਲਾਂਚ ਕੀਤਾ ਜਾਣ ਵਾਲਾ ਜਹਾਜ਼ ਹੈ ਜੋ ਐਰੋਡਾਇਨਾਮਿਕਸ ਦੇ ਬੁਨਿਆਦੀ ਸਿਧਾਂਤਾਂ ਨੂੰ ਦਰਸਾਉਂਦਾ ਹੈ, ਜਿਸ ਵਿੱਚ ਲਿਫਟ, ਥ੍ਰਸਟ ਅਤੇ ਹਵਾ ਦਾ ਦਬਾਅ ਸ਼ਾਮਿਲ ਹੈ। ਇਹਨਾਂ ਸਧਾਰਨ ਉਡਾਣ ਦੇ ਮਾਡਲਾਂ ਨਾਲ ਜੁੜ ਕੇ, ਵਿਦਿਆਰਥੀਆਂ ਨੂੰ ਫਲਾਈਟ ਮਕੈਨਿਕਸ ਦੇ ਬੁਨਿਆਦੀ ਸਿਧਾਂਤ ਸਿਖਾਏ ਗਏ, ਜਿਸ ਨਾਲ ਗੁੰਝਲਦਾਰ ਵਿਗਿਆਨਕ ਸੰਕਲਪਾਂ ਨੂੰ ਵਧੇਰੇ ਜਾਣਨਯੋਗ ਅਤੇ ਦਿਲਚਸਪ ਬਣਾ ਕੇ ਸਮਝਾਇਆ ਗਿਆ।

**ਸੈਸ਼ਨ ਦੀਆਂ ਮੁੱਖ ਗੱਲਾਂ:**

- **ਮਾਹਿਰਾਂ ਦੀ ਅਗਵਾਈ ਹੇਠ ਸਿਖਲਾਈ:** ਇਸ ਪ੍ਰੋਗਰਾਮ ਵਿੱਚ ਪ੍ਰੋਫੈਸਰ ਰਾਜਕੁਮਾਰ ਪੰਤ, ਫੈਕਲਟੀ ਆਫ਼ ਏਰੋਸਪੇਸ ਇੰਜੀਨੀਅਰਿੰਗ, ਆਈਆਈਟੀ ਮੁੰਬਈ ਦੁਆਰਾ ਇੱਕ ਵਿਹਾਰਿਕ ਭਾਸ਼ਣ ਦਿੱਤਾ ਗਿਆ, ਜਿਸਨੇ ਜਹਾਜ਼ ਉਡਾਣ ਦੇ ਪਿੱਛੇ ਕੰਮ ਕਰਦੇ ਵਿਗਿਆਨ ਨੂੰ ਸਰਲ ਬਣਾ ਕੇ ਵਿਦਿਆਰਥੀਆਂ ਨੂੰ ਸਮਝਾਇਆ।
- **ਵੱਡੀ ਪੱਧਰ 'ਤੇ ਹਾਜਰੀ:** ਜ਼ਿਲ੍ਹੇ ਦੇ 20 ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਨਾਲ ਇਹ ਸਭ ਤੋਂ ਪ੍ਰਭਾਵਸ਼ਾਲੀ ਏਅਰੋਨੌਟਿਕਲ ਸਾਇੰਸ ਸੈਸ਼ਨਾਂ ਵਿੱਚੋਂ ਇੱਕ ਬਣ ਗਿਆ।
- **ਵਿਹਾਰਕ ਪ੍ਰਦਰਸ਼ਨੀ :** ਇੱਕ ਲਾਈਵ ਹੈਂਗ ਗਲਾਈਡਰ ਪ੍ਰਦਰਸ਼ਨ ਰਾਹੀਂ ਵਿਦਿਆਰਥੀਆਂ ਨੂੰ ਰੀਅਲ-ਟਾਈਮ ਫਲਾਈਟ ਮਕੈਨਿਕਸ ਨੂੰ ਦੇਖਣ ਅਤੇ ਸਮਝਣ ਵਿੱਚ ਮਦਦ ਪ੍ਰਦਾਨ ਹੋਈ।
- **ਇੰਟਰਐਕਟਿਵ/ਪ੍ਰਭਾਵਸ਼ਾਲੀ ਸ਼ਮੂਲੀਅਤ:** ਪ੍ਰੋਗਰਾਮ ਇੱਕ ਪ੍ਰਸ਼ਨ ਅਤੇ ਉੱਤਰ ਸੈਸ਼ਨ ਨਾਲ ਸਮਾਪਤ ਹੋਇਆ, ਜਿੱਥੇ ਵਿਦਿਆਰਥੀਆਂ ਨੇ ਮਾਹਰਾਂ ਨਾਲ ਗੱਲਬਾਤ ਕੀਤੀ, ਹਵਾਬਾਜ਼ੀ ਤਕਨਾਲੋਜੀ ਪ੍ਰਤੀ ਆਪਣੀ ਸਮਝ ਨੂੰ ਡੂੰਘਾ ਕੀਤਾ।




ਸੈਸ਼ਨ ਤੋਂ ਬਾਅਦ ਵਿਦਿਆਰਥੀ ਹਾਸਿਲ ਕੀਤੀ ਸਿੱਖਿਆ ਦੇ ਨੁਕਤੇ ਸਾਂਝੇ ਕਰਦੇ ਹੋਏ।

"ਚੱਕ ਗਲਾਈਡਰਸ 'ਤੇ ਲੈਕਚਰ-ਕਮ-ਪ੍ਰਦਰਸ਼ਨੀ ਨੇ ਵਿਦਿਆਰਥੀਆਂ ਨੂੰ ਏਅਰੋਡਾਇਨਾਮਿਕਸ ਦੀ ਪੜਚੋਲ ਕਰਨ ਲਈ ਪ੍ਰੇਰਿਤ ਕੀਤਾ, ਇਸ ਪ੍ਰਤੀ ਉਨ੍ਹਾਂ ਦੀ ਉਤਸੁਕਤਾ ਨੂੰ ਉਤਸ਼ਾਹਿਤ ਕੀਤਾ ਅਤੇ ਹਵਾਬਾਜ਼ੀ ਇੰਜੀਨੀਅਰਿੰਗ ਵਿੱਚ ਕਰੀਅਰ ਲਈ ਰਾਹ ਖੋਲ੍ਹੇ।"

**- ਖੁਸ਼ਦੀਪ ਗੋਇਲ, ਪ੍ਰਿੰਸੀਪਲ, ਸਕੂਲ ਆਫ਼ ਐਮੀਨੈਂਸ ਘਨੌਰੀ ਕਲਾਂ, ਸੰਗਰੂਰ।**

# ਸਰਕਾਰੀ ਸਕੂਲਾਂ ਦੇ 184 ਵਿਦਿਆਰਥੀਆਂ ਨੇ ਮੁਫ਼ਤ ਪੇਸ (PACE) ਕੋਚਿੰਗ ਸਦਕਾ ਜੇਈਈ ਮੇਨਜ਼ (JEE Mains) ਪਾਸ ਕੀਤਾ

ਸ਼ਾਨਦਾਰ ਪ੍ਰਾਪਤੀ ਕਰਦੇ ਹੋਏ, **ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲਾਂ ਦੇ 184 ਵਿਦਿਆਰਥੀਆਂ ਨੇ ਜੇਈਈ ਮੇਨਜ਼ ਫੇਜ਼ 1 ਪ੍ਰੀਖਿਆ ਲਈ ਸਫਲਤਾਪੂਰਵਕ ਯੋਗਤਾ ਪ੍ਰਾਪਤ ਕੀਤੀ ਹੈ।** ਇਹਨਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀਆਂ ਲਈ, ਜੇਈਈ ਪਾਸ ਕਰਨਾ ਦੂਰ ਦਾ ਸੁਪਨਾ ਜਾਪਦਾ ਸੀ, ਪ੍ਰਤਿਭਾ ਜਾਂ ਦ੍ਰਿੜਤਾ ਦੀ ਘਾਟ ਕਾਰਨ ਨਹੀਂ, ਸਗੋਂ ਵਿੱਤੀ ਰੁਕਾਵਟਾਂ ਅਤੇ ਸੰਸਥਾਗਤ ਮਾਰਗਦਰਸ਼ਨ ਦੀ ਅਣਹੋਂਦ ਕਾਰਨ।

ਮਾੜੇ ਵਿੱਤੀ/ਮਾਲੀ/ਆਰਥਿਕ ਪਿਛੋਕੜ ਦੇ ਕਾਰਨ, ਵਿਦਿਆਰਥੀਆਂ ਲਈ ਪ੍ਰਾਈਵੇਟ ਕੋਚਿੰਗ ਦਾ ਖਰਚਾ ਚੁੱਕਣਾ ਮੁਸ਼ਕਿਲ ਸੀ, ਲੰਬੇ ਸਮੇਂ ਤੋਂ ਜੇਈਈ ਵਰਗੀਆਂ ਬਹੁਤ ਹੀ ਸਖਤ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਵਿੱਚ ਸਫਲਤਾ ਲਈ ਜਿਸਨੂੰ ਇੱਕ ਲੋੜ ਮੰਨਿਆ ਜਾਂਦਾ ਰਿਹਾ ਹੈ।

ਇਸ ਪਾੜੇ ਨੂੰ ਪਛਾਣਦੇ ਹੋਏ, ਸਕੂਲ ਸਿੱਖਿਆ ਵਿਭਾਗ, ਪੰਜਾਬ ਨੇ ਇੱਕ ਪਰਿਵਰਤਨਸ਼ੀਲ ਪਹਿਲਕਦਮੀ ਨਾਲ **ਪੰਜਾਬ ਅਕਾਦਮਿਕ ਕੋਚਿੰਗ ਫਾਰ ਐਕਸੀਲੈਂਸ (PACE) ਪ੍ਰੋਗਰਾਮ** ਕਦਮ ਪੁੱਟਿਆ। **ਇਸ ਪਹਿਲਕਦਮੀ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮੁਫ਼ਤ, ਉੱਚ-ਗੁਣਵੱਤਾ ਵਾਲੀ ਕੋਚਿੰਗ ਪ੍ਰਦਾਨ ਕੀਤੀ ਗਈ।** ਇਹ ਯਕੀਨੀ ਬਣਾਇਆ ਕਿ ਉਹਨਾਂ ਨੂੰ ਉਹਨਾਂ ਦੇ ਪ੍ਰਾਈਵੇਟ ਸਕੂਲ ਦੇ ਹਮਰੁਤਬਾ ਦੇ ਮੁਕਾਬਲੇ **ਸੰਸਥਾਗਤ ਮਾਰਗਦਰਸ਼ਨ, ਮਾਹਿਰਾਂ ਦੀ ਸਲਾਹ ਅਤੇ ਸਖ਼ਤ ਸਿਖਲਾਈ ਪ੍ਰਾਪਤ** ਹੋਵੇ।



ਰਿਹਾਇਸ਼ੀ ਕੈਂਪਾਂ ਵਿੱਚ ਕੋਚਿੰਗ ਵਿੱਚ ਭਾਗ ਲੈ ਰਹੇ ਵਿਦਿਆਰਥੀ।



ਰਿਹਾਇਸ਼ੀ ਕੋਚਿੰਗ ਕੈਂਪਾਂ ਦੌਰਾਨ ਸ਼ੰਕਿਆਂ ਦਾ ਨਿਵਾਰਨ ਸੈਸ਼ਨ।

ਇਸ ਤੋਂ ਇਲਾਵਾ, ਵਿਭਾਗ ਨੇ **ਰਿਹਾਇਸ਼ੀ ਕੋਚਿੰਗ ਕੈਂਪਾਂ** ਦਾ ਆਯੋਜਨ ਕੀਤਾ ਜਿਸ ਨਾਲ ਵਿਦਿਆਰਥੀਆਂ ਨੂੰ ਇੱਕ **ਗਹਿਣ ਸਿੱਖਿਆ ਦਾ ਤਜਰਬਾ ਪ੍ਰਦਾਨ ਕੀਤਾ** ਗਿਆ ਜਿੱਥੇ ਉਹ ਆਪਣੀ ਤਿਆਰੀ 'ਤੇ ਪੂਰੀ ਤਰ੍ਹਾਂ ਧਿਆਨ ਕੇਂਦਰਿਤ ਕਰ ਸਕਦੇ ਸਨ। ਇਹ ਕੈਂਪ **ਫਿਜ਼ੀਕਸ ਵਾਲਾ, ਅਵੰਤੀ ਫੈਲੋਜ਼ ਅਤੇ ਵਿਦਿਆ ਮੰਦਰ ਕਲਾਸਿਜ਼** ਵਰਗੇ ਪ੍ਰਸਿੱਧ ਸੰਸਥਾਵਾਂ ਦੇ ਮਾਹਿਰ ਅਧਿਆਪਕਾਂ ਦੀ ਅਗਵਾਈ ਹੇਠ ਕੋਚਿੰਗ ਸੈਸ਼ਨ ਪ੍ਰਦਾਨ ਕਰਨ ਲਈ ਤਿਆਰ ਕੀਤੇ ਗਏ ਸਨ।

**184 ਵਿਦਿਆਰਥੀਆਂ ਨੇ ਜੇਈਈ ਮੇਨਜ਼ ਪਾਸ ਕਰਨ ਲਈ ਸਾਰੀਆਂ ਮੁਸ਼ਕਿਲਾਂ ਨੂੰ ਸਰ ਕੀਤਾ, ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਸਹੀ ਸਹਾਇਤਾ ਅਤੇ ਮੌਕਿਆਂ ਨਾਲ, ਸਮਾਜਿਕ-ਆਰਥਿਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਪ੍ਰਤਿਭਾ ਚਮਕ ਸਕਦੀ ਹੈ।**

ਇਹਨਾਂ ਦੀ ਸਫਲਤਾ ਸਿਰਫ਼ ਇੱਕ ਵਿਅਕਤੀਗਤ ਜਿੱਤ ਨਹੀਂ ਹੈ, ਸਗੋਂ ਸਮਾਵੇਸ਼ੀ ਵਿਦਿਅਕ ਨੀਤੀਆਂ ਅਤੇ ਟੀਚਾਬੱਧ ਦਖਲਅੰਦਾਜ਼ੀ ਦੇ ਪ੍ਰਭਾਵ ਦਾ ਪ੍ਰਮਾਣ ਹੈ। ਇਹ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਸਮਰੱਥਾ ਨੂੰ ਦਰਸਾਉਂਦਾ ਹੈ ਕਿ ਜਦੋਂ ਉਨ੍ਹਾਂ ਨੂੰ ਸਹੀ ਸਰੋਤ ਅਤੇ ਸੇਧ ਦਿੱਤੀ ਜਾਂਦੀ ਹੈ, ਜਿਵੇਂ ਕਿ ਇਹ ਵਿਦਿਆਰਥੀ ਹੁਣ ਜੇਈਈ ਐਡਵਾਂਸਡ ਦੀ ਤਿਆਰੀ ਕਰ ਰਹੇ ਹਨ, ਪੰਜਾਬ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕੋਈ ਵੀ ਯੋਗ ਵਿਦਿਆਰਥੀ ਪਿੱਛੇ ਨਾ ਰਹੇ, ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਤੇ ਜੋ ਸੰਭਵ ਹੈ ਉਸਨੂੰ ਮੁੜ ਪਰਿਭਾਸ਼ਿਤ ਕਰਨ ਦੇ ਸਮਰੱਥ ਬਣਾਇਆ ਜਾਵੇ।



Disclaimer: Details and photos in this newsletter are for informational purposes. We recommend verification before usage.

# ਬਿਜ਼ਨਸ ਬਲਾਸਟਰਜ਼: ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਭਵਿੱਖ ਦੇ ਉੱਦਮੀਆਂ ਦਾ ਨਿਰਮਾਣ

ਭਵਿੱਖ ਦੇ ਨੇਤੂਆਂ ਦੀ ਨਿਰਮਾਣਕਾਰੀ

ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ **ਬਿਜ਼ਨਸ ਬਲਾਸਟਰਜ਼ ਪ੍ਰੋਗਰਾਮ**, ਸਮੱਸਿਆਵਾਂ ਦੇ **ਹੱਲ ਕਰਨ ਵਾਲੇ ਅਤੇ ਨਵੀਨਤਾਕਾਰਾਂ ਦੀ ਅਗਲੀ ਪੀੜ੍ਹੀ ਨੂੰ ਆਕਾਰ ਦੇ ਰਿਹਾ** ਹੈ। ਉੱਦਮੀ ਮਾਨਸਿਕਤਾ ਬਣਾਉਣ ਅਤੇ ਰਚਨਾਤਮਕਤਾ, ਸਹਿਯੋਗ ਅਤੇ ਆਲੋਚਨਾਤਮਕ ਸੋਚ ਵਰਗੇ 21ਵੀਂ ਸਦੀ ਦੇ ਹੁਨਰਾਂ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤਾ ਗਿਆ, ਇਸ ਪ੍ਰੋਗਰਾਮ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਸੰਸਥਾਗਤ ਗਤੀਵਿਧੀਆਂ, ਰੀਅਲ-ਵਰਲਡ ਪ੍ਰੋਜੈਕਟਾਂ ਅਤੇ ਨਿਯਮਿਤ ਸਲਾਹ-ਮਸ਼ਵਰੇ ਰਾਹੀਂ ਸ਼ਾਮਿਲ ਕੀਤਾ ਹੈ।

**ਪ੍ਰੋਗਰਾਮ ਦਾ ਇੱਕ ਮੁੱਖ ਆਕਰਸ਼ਣ ਸਕੂਲ ਮੇਲਿਆਂ ਦਾ ਆਯੋਜਨ ਸੀ:**
ਜੀਵੰਤ ਪ੍ਰਦਰਸ਼ਨੀਆਂ ਜਿੱਥੇ **ਵਿਦਿਆਰਥੀਆਂ ਨੇ ਆਪਣੇ ਸਾਥੀਆਂ, ਅਧਿਆਪਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਸਾਹਮਣੇ ਵਿਚਾਰ ਅਤੇ ਪ੍ਰੋਜੈਕਟ ਪੇਸ਼ ਕੀਤੇ**। ਇਹਨਾਂ ਮੇਲਿਆਂ ਨੇ ਵਿਦਿਆਰਥੀਆਂ ਨੂੰ ਆਪਣੀ ਸਿਰਜਣਾਤਮਿਕਤਾ ਦਿਖਾਉਣ, ਸਥਾਨਕ ਚੁਣੌਤੀਆਂ ਦੀ ਪੜਚੋਲ ਕਰਨ ਅਤੇ ਨਵੀਨਤਾਕਾਰੀ ਵਪਾਰਕ ਵਿਚਾਰ ਪੇਸ਼ ਕਰਨ ਲਈ ਇੱਕ ਪਲੇਟਫਾਰਮ ਦਿੱਤਾ। ਜ਼ਿਲ੍ਹਾ ਕਮਿਸ਼ਨਰ, ਜ਼ਿਲ੍ਹਾ ਸਿੱਖਿਆ ਅਧਿਕਾਰੀ, ਸਕੂਲ ਮੁਖੀ ਅਤੇ ਸਥਾਨਕ ਨੇਤਾ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਿਲ ਹੋਏ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।



**ਡਿਪਟੀ ਕਮਿਸ਼ਨਰ ਪਟਿਆਲਾ ਨੇ ਬਲਾਸਟਰ ਵਿਦਿਆਰਥੀਆਂ ਦਾ ਹੌਂਸਲਾ ਵਧਾਉਣ ਲਈ ਐਸ.ਓ.ਈ ਫੀਲ ਖਾਨਾ ਦਾ ਦੌਰਾ ਕੀਤਾ।**



**ਬੀ.ਬੀ. ਮੇਲੇ ਦਾ ਤਜਰਬਾ ਹਾਸਿਲ ਕਰਦੇ ਵਿਦਿਆਰਥੀ।**

**51,565 ਚੁਣੇ ਹੋਏ ਵਿਦਿਆਰਥੀਆਂ ਨੂੰ ਕੁੱਲ ₹10.31 ਕਰੋੜ ਦੀ ਸ਼ੁਰੂਆਤੀ ਰਾਸ਼ੀ ਵੰਡੀ** ਗਈ। ਇਸ ਸਹਾਇਤਾ ਨਾਲ, ਵਿਦਿਆਰਥੀਆਂ ਨੇ ਅਸਲ ਕਾਰੋਬਾਰੀ ਵਿਚਾਰ ਅਤੇ ਮਾਡਲ ਵਿਕਸਤ ਕੀਤੇ, ਜੋ ਬਾਅਦ ਵਿੱਚ ਸਕੂਲ ਮੇਲਿਆਂ ਵਿੱਚ ਪ੍ਰਦਰਸ਼ਿਤ ਕੀਤੇ ਗਏ। ਸਥਾਨਕ ਮੁੱਦਿਆਂ ਨੂੰ ਸੁਲਝਾਉਣ ਤੋਂ ਲੈ ਕੇ ਰਚਨਾਤਮਕ ਹੱਲ ਤਿਆਰ ਕਰਨ ਤੱਕ, ਵਿਦਿਆਰਥੀਆਂ ਨੇ ਦਿਖਾਇਆ ਕਿ ਮੌਕਾ ਮਿਲਣ 'ਤੇ ਨੌਜਵਾਨ ਦਿਮਾਗ ਕਿਵੇਂ ਸ਼ਕਤੀਸ਼ਾਲੀ ਵਿਚਾਰਾਂ ਨਾਲ ਅੱਗੇ ਆ ਸਕਦੇ ਹਨ।

ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਜ਼ਰੂਰੀ ਹੁਨਰ ਵਿਕਸਿਤ ਕਰਨ ਵਿੱਚ ਵੀ ਮਦਦ ਕੀਤੀ। ਟੀਮਾਂ ਵਿੱਚ ਕੰਮ ਕਰਨ ਨਾਲ ਉਨ੍ਹਾਂ ਦੀਆਂ ਸੰਚਾਰ, ਸਹਿਯੋਗ ਅਤੇ ਲੀਡਰਸ਼ਿਪ ਯੋਗਤਾਵਾਂ ਵਿੱਚ ਸੁਧਾਰ ਹੋਇਆ। ਆਪਣੇ ਵਿਚਾਰਾਂ ਨੂੰ ਸਮਝਾਉਣ ਲਈ ਅਸਲੀ ਰੂਪ ਵਿੱਚ ਦਰਸ਼ਕਾਂ ਦਾ ਸਾਹਮਣਾ ਕਰਨ ਨਾਲ ਉਹਨਾਂ ਨੂੰ ਸਪੱਸ਼ਟ ਤੌਰ 'ਤੇ ਬੋਲਣ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਵਿਸ਼ਵਾਸ ਮਿਲਿਆ।

**ਹਰੇਕ ਸਕੂਲ ਦੀਆਂ ਸਭ ਤੋਂ ਚੋਟੀ ਦਾ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਹੁਣ ਸਰਵੋ ਉਦਯਮ ਪ੍ਰੋਗਰਾਮ ਦੇ ਤਹਿਤ ਹੋਰ ਸਹਾਇਤਾ ਲਈ ਅੱਗੇ ਵਧਣਗੀਆਂ**, ਜਿੱਥੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਨੂੰ ਅਗਲੇ ਪੱਧਰ 'ਤੇ ਲਿਜਾਣ ਲਈ ਉੱਨਤ ਸੇਧ ਪ੍ਰਾਪਤ ਹੋਵੇਗੀ। ਬਿਜ਼ਨਸ ਬਲਾਸਟਰਜ਼ ਪਹਿਲਕਦਮੀ ਰਾਹੀਂ, ਪੰਜਾਬ ਦੇ ਸਰਕਾਰੀ ਸਕੂਲ ਇਹ ਸਾਬਿਤ ਕਰ ਰਹੇ ਹਨ ਕਿ ਸਹੀ ਸਹਾਇਤਾ ਨਾਲ, ਵਿਦਿਆਰਥੀ ਆਤਮਵਿਸ਼ਵਾਸੀ ਸੋਚ ਵਾਲੇ ਅਤੇ ਕਰਤਾ ਬਣ ਸਕਦੇ ਹਨ, ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਮਹੱਤਵਪੂਰਨ ਹੱਲ ਤਿਆਰ ਕਰਨ ਲਈ ਤਿਆਰ ਹੋ ਸਕਦੇ ਹਨ।

# ਭਾਈਚਾਰਕ ਭਾਗੀਦਾਰੀ ਰਾਹੀਂ ਸਕੂਲਾਂ ਨੂੰ ਮਜ਼ਬੂਤ ਬਨਾਉਣਾ: ਸਰਕਾਰੀ ਹਾਈ ਸਕੂਲ ਬਾਰਥ ਸਾਹਿਬ ਪਠਾਨਕੋਟ ਅਤੇ ਸਰਕਾਰੀ ਮਿਡਲ ਸਕੂਲ ਕਬਰਸਤਾਨ ਰੋਡ, ਲੁਧਿਆਣਾ

ਭਾਈਚਾਰੇ ਦੀ ਹਿੱਸੇਦਾਰੀ

ਪੰਜਾਬ ਦੇ ਦੋ ਸਕੂਲ ਸਰਕਾਰੀ ਹਾਈ ਸਕੂਲ ਬਾਰਥ ਸਾਹਿਬ, ਪਠਾਨਕੋਟ, ਅਤੇ ਸਰਕਾਰੀ ਮਿਡਲ ਸਕੂਲ ਕਬਰਸਤਾਨ ਰੋਡ, ਲੁਧਿਆਣਾ ਇਸ ਗੱਲ ਦੀਆਂ ਮਜ਼ਬੂਤ ਉਦਾਹਰਣਾਂ ਪੇਸ਼ ਕਰ ਰਹੇ ਹਨ ਕਿ ਸਕੂਲ ਪ੍ਰਬੰਧਨ ਕਮੇਟੀਆਂ (SMCs) ਅਤੇ ਭਾਈਚਾਰਕ ਸ਼ਮੂਲੀਅਤ ਸਰਕਾਰੀ ਸਕੂਲਾਂ ਨੂੰ ਕਿਵੇਂ ਬਦਲ ਸਕਦੀ ਹੈ।

**ਸਰਕਾਰੀ ਹਾਈ ਸਕੂਲ ਬਾਰਥ ਸਾਹਿਬ ਵਿਖੇ, ਐਸਐਮਸੀ ਦਾਖਲੇ ਨੂੰ ਬਿਹਤਰ ਬਣਾਉਣ, ਸਕੂਲ ਦੀ ਇੱਕ ਸਕਾਰਾਤਮਕ ਪਛਾਣ ਬਨਾਉਣ ਅਤੇ ਇੱਕ ਮਜ਼ਬੂਤ ਸਾਬਕਾ ਵਿਦਿਆਰਥੀਆਂ ਦੇ ਨੈੱਟਵਰਕ ਨੂੰ ਬਣਾਈ ਰੱਖਣ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ।**
ਐਸਐਮਸੀ ਮਾਪਿਆਂ ਨੂੰ ਸੂਚਿਤ ਅਤੇ ਸ਼ਾਮਿਲ ਕਰਨ ਨੂੰ ਯਕੀਨੀ ਬਣਾਉਣ ਲਈ ਨਿਯਮਤ ਓਰੀਐਂਟੇਸ਼ਨ ਅਤੇ ਜਾਗਰੂਕਤਾ ਸੈਸ਼ਨਾਂ ਦਾ ਵੀ ਆਯੋਜਨ ਕਰਦਾ ਹੈ। ਸਕੂਲ ਵਿੱਚ ਹੋਈ ਮੈਗਾ ਐਸਐਮਸੀ ਮੀਟਿੰਗ ਵਿੱਚ **ਡੀਈਓ ਸ੍ਰੀਮਾਨ ਰਾਜੇਸ਼** ਕੁਮਾਰ ਨੇ ਸ਼ਿਰਕਤ ਕੀਤੀ, ਜਿੱਥੇ ਸਫਾਈ, ਵਾਸ਼ਰੂਮ, ਖੇਡ ਸਹੂਲਤਾਂ ਅਤੇ ਮਾਹਵਾਰੀ ਦੌਰਾਨ ਸਫਾਈ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ ਗਈ, ਅਤੇ ਐਸਐਮਸੀ ਮੈਂਬਰਾਂ ਨੂੰ ਪ੍ਰਸ਼ੰਸਾ ਪੱਤਰ ਸੌਂਪੇ ਗਏ।




**ਜੀ.ਐਚ.ਐਸ. ਬਾਰਥ ਸਾਹਿਬ ਵਿਖੇ ਮੈਗਾ-ਐਸ.ਐਮ.ਸੀ ਦੀ ਮੀਟਿੰਗ।**



**ਡੀ.ਈ.ਓ. ਲੁਧਿਆਣਾ ਵੱਲੋਂ ਜੀ.ਐਮ.ਐਸ. ਕਬਰਸਤਾਨ ਰੋਡ ਵਿਖੇ ਐਸ.ਐਮ.ਸੀ ਮੈਂਬਰਾਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।**

ਇਸੇ ਤਰ੍ਹਾਂ, **ਸਰਕਾਰੀ ਮਿਡਲ ਸਕੂਲ ਕਬਰਸਤਾਨ ਰੋਡ** ਵਿਖੇ, ਪ੍ਰਿੰਸੀਪਲ ਸ੍ਰੀਮਤੀ ਚਰਨਜੀਤ ਕੌਰ ਨੇ ਐਸਐਮਸੀ ਨਾਲ ਆਪਸੀ ਸਤਿਕਾਰ ਅਤੇ ਭਾਈਵਾਲੀ ਦਾ ਸੱਭਿਆਚਾਰ ਵਿਕਸਿਤ ਕੀਤਾ ਹੈ। ਉਹ ਯਕੀਨੀ ਬਣਾਉਂਦੀ ਹੈ ਕਿ ਕਮੇਟੀ ਸਕੂਲ ਦੇ ਸਾਰੇ ਮਾਮਲਿਆਂ ਵਿੱਚ ਸ਼ਾਮਿਲ ਹੋਵੇ ਅਤੇ ਹਾਲ ਹੀ ਵਿੱਚ **ਡੀਈਓ ਸ੍ਰੀਮਤੀ ਡਿੰਪਲ ਮਦਾਨ** ਨੂੰ ਐਸਐਮਸੀ ਦੇ ਯੋਗਦਾਨ ਨੂੰ ਸਨਮਾਨ ਦੇਣ ਲਈ ਸੱਦਾ ਦਿੱਤਾ। ਉਨ੍ਹਾਂ ਦੇ ਨਿਯਮਤ ਦੌਰਿਆਂ ਅਤੇ ਸੁਝਾਵਾਂ ਨੇ ਸਕੂਲ ਦੇ ਕੰਮਕਾਜ ਵਿੱਚ ਸੁਧਾਰ ਕੀਤਾ ਹੈ ਅਤੇ ਵਿਦਿਆਰਥੀਆਂ ਦੇ ਦਾਖਲੇ ਨੂੰ ਵਧਾਉਣ ਵਿੱਚ ਮਦਦ ਕੀਤੀ ਹੈ। ਐਸਐਮਸੀ ਮੈਂਬਰ, ਖਾਸ ਕਰਕੇ **ਮਾਪੇ ਸ੍ਰੀਮਤੀ ਦੀਪਿਕਾ ਜੈਨ ਅਤੇ ਸ੍ਰੀਮਤੀ ਦੀਪਿਕਾ ਗੋਇਲ, ਲਿੰਗ ਸੰਵੇਦਨਸ਼ੀਲਤਾ ਸੈਸ਼ਨਾਂ ਦੀ ਅਗਵਾਈ ਵੀ ਕਰ ਰਹੀਆਂ ਹਨ, ਜੋ ਨੌਜਵਾਨ ਕੁੜੀਆਂ ਨੂੰ ਆਪਣੇ ਟੀਚਿਆਂ ਨੂੰ ਵਿਸ਼ਵਾਸ ਨਾਲ ਅੱਗੇ ਵਧਾਉਣ ਲਈ ਉਤਸ਼ਾਹਿਤ ਕਰਦੀਆਂ ਹਨ**।

ਦੋਵੇਂ ਸਕੂਲ ਦਰਸਾਉਂਦੇ ਹਨ ਕਿ ਕਿਵੇਂ ਪ੍ਰਤੀਬੱਧ ਲੀਡਰਸ਼ਿਪ ਅਤੇ ਇੱਕ ਮਜਬੂਤ ਐਸਐਮਸੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ, ਦਾਖਲਿਆਂ ਨੂੰ ਵਧਾਉਣ ਅਤੇ ਸਿੱਖਿਆ ਲਈ ਇੱਕ ਸਹਾਇਕ ਵਾਤਾਵਰਣ ਬਣਾਉਣ ਲਈ ਮਿਲਕੇ ਕੰਮ ਕਰ ਸਕਦੇ ਹਨ। ਉਨ੍ਹਾਂ ਦੇ ਯਤਨ ਦਰਸਾਉਂਦੇ ਹਨ ਕਿ ਜਦੋਂ ਸਕੂਲ ਅਤੇ ਭਾਈਚਾਰੇ ਦੇ ਲੋਕ ਹੱਥ ਮਿਲਾਉਂਦੇ ਹਨ, ਤਾਂ ਅਰਥਪੂਰਨ ਅਤੇ ਸਥਾਈ ਤਬਦੀਲੀ ਸੰਭਵ ਹੈ।

Disclaimer: Details and photos in this newsletter are for informational purposes. We recommend verification before usage.

# ਕੌਮੀ ਸਿੱਖਿਆ ਨੀਤੀ 2020 ਵਿੱਚ ਲਿੰਗ ਸੰਵੇਦਨਸ਼ੀਲਤਾ ਪਹੁੰਚ 'ਤੇ ਰਾਜ ਸਲਾਹ-ਮਸ਼ਵਰਾ

ਲਿੰਗ ਸੰਵੇਦਨਸ਼ੀਲਤਾ-ਜੈਂਡਰ ਟਰਾਂਸਫਰਮੇਸ਼ਨ

26 ਮਾਰਚ, 2025 ਨੂੰ, ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (SCERT) ਨੇ ਬ੍ਰੇਕਥਰੂ ਦੇ ਸਹਿਯੋਗ ਨਾਲ **ਕੌਮੀ ਸਿੱਖਿਆ ਨੀਤੀ (NEP) 2020** ਵਿੱਚ ਲਿੰਗ ਪਰਿਵਰਤਨਸ਼ੀਲਤਾ ਪਹੁੰਚ ਦੇ ਏਕੀਕਰਨ ਦੀ ਪੜਚੋਲ ਕਰਨ ਲਈ ਇੱਕ ਸੂਬਾ ਪੱਧਰੀ ਸਲਾਹ-ਮਸ਼ਵਰੇ ਦਾ ਆਯੋਜਨ ਕੀਤਾ। ਸਲਾਹ-ਮਸ਼ਵਰੇ ਨੇ ਵੱਖ-ਵੱਖ ਹਿੱਤਧਾਰਕਾਂ ਦੇ ਸਮੂਹ ਨੂੰ ਇਕੱਠਾ ਕੀਤਾ, ਜਿਨ੍ਹਾਂ ਵਿੱਚ ਸਿੱਖਿਅਕ, ਪ੍ਰਸ਼ਾਸਕ, ਨੀਤੀ ਨਿਰਮਾਤਾ ਅਤੇ ਸਿਵਲ ਸਮਾਜ ਦੇ ਪ੍ਰਤੀਨਿਧ ਸ਼ਾਮਿਲ ਸਨ, ਸਾਰੇ ਇੱਕ ਸਾਂਝੇ ਟੀਚੇ ਨਾਲ ਇੱਕਜੁੱਟ ਸਨ - ਪੰਜਾਬ ਵਿੱਚ ਸਿੱਖਿਆ ਨੂੰ ਵਧੇਰੇ ਸਮਾਵੇਸ਼ੀ ਅਤੇ ਬਰਾਬਰ ਬਣਾਉਣਾ।

ਇਸ ਸਮਾਰੋਹ ਵਿੱਚ ਦੋ ਮੁੱਖ ਪੈਨਲ ਚਰਚਾਵਾਂ ਹੋਈਆਂ। ਪਹਿਲੀ ਪੈਨਲ, ਜਿਸ ਵਿੱਚ ਅਕਾਦਮਿਕ ਵਿਸ਼ੇਸ਼ਗਿਆਨ ਸ਼ਾਮਿਲ ਸਨ, ਨੇ ਕਲਾਸਰੂਮ ਪ੍ਰਥਾਵਾਂ, ਪਾਠਕ੍ਰਮ ਸਮੱਗਰੀ, ਸੁਰੱਖਿਆ ਉਪਾਇਆ ਅਤੇ ਸਹਿ-ਅਭਿਆਸ ਗਤਿਵਿਧੀਆਂ ਰਾਹੀਂ ਸਮਾਵੇਸ਼ਤਾ ਅਤੇ ਸਮਾਨਤਾ ਦੇ ਵਿਸ਼ੇ 'ਤੇ ਚਰਚਾ ਕੀਤੀ। ਦੂਜੀ ਪੈਨਲ, ਜਿਸ ਵਿੱਚ ਪ੍ਰਸ਼ਾਸਨਿਕ ਅਤੇ ਸਾਂਸਥਿਕ ਅਧਿਕਾਰੀ ਸ਼ਾਮਿਲ ਸਨ, ਨੇ ਸਿੱਖਿਆ ਪ੍ਰਣਾਲੀ ਵਿੱਚ ਲਿੰਗ ਸਮਾਵੇਸ਼ ਨੂੰ ਸਮਰਥਨ ਦੇਣ ਲਈ ਸਾਂਸਥਿਕ ਪ੍ਰਕਿਰਿਆਵਾਂ ਨੂੰ ਕਿਵੇਂ ਡਿਜ਼ਾਈਨ ਕੀਤਾ ਜਾ ਸਕਦਾ ਹੈ, ਇਸ 'ਤੇ ਵਿਚਾਰ ਕੀਤਾ।



**ਐਨ.ਈ.ਪੀ 2020 ਸੂਬਾ ਪੱਧਰੀ ਪੈਨਲ ਚਰਚਾ।**

ਭਾਗੀਦਾਰਾਂ ਨੇ ਮੌਜੂਦਾ ਸਿੱਖਿਆ ਨੀਤੀਆਂ ਅਤੇ ਕਲਾਸਰੂਮ ਪ੍ਰਥਾਵਾਂ ਦੀ ਦੁਬਾਰਾ ਸਮੀਖਿਆ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ, ਤਾਂ ਜੋ **ਲਿੰਗ ਪੱਖਪਾਤ ਅਤੇ ਰੁਕਾਵਟਾਂ ਦੀ ਪਛਾਣ** ਕੀਤੀ ਜਾ ਸਕੇ। ਕਲਾਸਰੂਮ ਤਰੀਕਾਕਾਰੀ ਦੀ ਨਿਯਮਤ ਨਿਗਰਾਨੀ, ਅਧਿਆਪਕ ਪ੍ਰਸ਼ਿਕਸ਼ਣ ਵਿੱਚ ਲਿੰਗ-ਸੰਬੰਧੀ ਮਾਡਿਊਲਜ਼ ਦਾ ਸ਼ਾਮਿਲ ਕੀਤਾ ਜਾਣਾ ਅਤੇ ਸਲਾਹਕਾਰ ਸੇਵਾਵਾਂ ਵਰਗੀਆਂ ਸਹਾਇਕ ਢਾਂਚਿਆਂ ਦੀ ਸਥਾਪਨਾ ਕਰਨ ਦੀ ਲੋੜ 'ਤੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਇੱਕ **ਰਾਜ-ਵਿਸ਼ੇਸ਼ ਪਾਠਕ੍ਰਮ ਵਿਕਸਿਤ ਕਰਨ ਅਤੇ ਇੱਕ ਲਿੰਗ ਅਤੇ ਵਿਭਿੰਨਤਾ ਸਰੋਤ ਕੇਂਦਰ (GDRC) ਦੀ ਸਥਾਪਨਾ ਵਿੱਚ ਲਿੰਗ ਸਮਾਵੇਸ਼ ਫੰਡ (GIF)** ਦੀ ਭੂਮਿਕਾ ਨੂੰ ਠੋਸ ਕਦਮਾਂ ਵਜੋਂ ਪ੍ਰਸਤਾਵਿਤ ਕੀਤਾ ਗਿਆ।

ਸਾਰੀ ਚਰਚਾ ਵਿੱਚੋਂ ਸਭ ਤੋਂ ਮਜ਼ਬੂਤ ਸਿੱਟਿਆਂ ਵਿੱਚੋਂ ਮਹੱਤਵਪੂਰਨ ਇੱਕ ਭਾਈਚਾਰੇ ਅਤੇ ਮਾਪਿਆਂ ਦੀ ਸ਼ਮੂਲੀਅਤ ਦੀ ਮਹੱਤਤਾ ਸੀ। ਇਹ ਸੁਝਾਅ ਦਿੱਤਾ ਗਿਆ ਸੀ ਕਿ ਸਕੂਲ ਪ੍ਰਬੰਧਨ ਕਮੇਟੀਆਂ (SMCs) ਅਤੇ ਮਾਪੇ-ਅਧਿਆਪਕ ਮੀਟਿੰਗਾਂ (PTMs) ਨੂੰ ਸਿਖਲਾਈ ਦਿੱਤੀ ਜਾਵੇ ਅਤੇ ਲਿੰਗ ਸਮਾਨਤਾ ਦੇ ਆਲੇ-ਦੁਆਲੇ ਗੱਲਬਾਤ ਵਿੱਚ ਸ਼ਾਮਿਲ ਕੀਤਾ ਜਾਵੇ, ਜਿਸ ਨਾਲ ਉਹ ਇਸ ਵਿੱਚ ਸਰਗਰਮ ਭਾਈਵਾਲ ਬਣ ਸਕਣ।

## ਪੰਜਾਬ ਦੀ ਸਿੱਖਿਆ ਕ੍ਰਾਂਤੀ ਸੰਖਿਆਵਾਂ ਵਿੱਚ

ਉਤਕ੍ਰਿਸ਼ਟ ਸਕੂਲ ਬਣਾਉਣ ਵਿੱਚ ਹਾਸਲ ਕੀਤੀਆਂ ਉਪਲਬਧੀਆਂ

| | | |
|---|---|---|
| **21,23,566** ਵਿਦਿਆਰਥੀਆਂ ਨੂੰ ਸਕੂਲ ਵਰਦੀਆਂ ਪ੍ਰਾਪਤ ਹੋਈਆਂ | **51,565** ਪੰਜਾਬ ਯੰਗ ਐਂਟਰਪ੍ਰੀਨਿਓਰਸ਼ਿਪ ਅਧੀਨ ਧਨਰਾਸ਼ੀ ਲਈ ਚੁਣੇ ਗਏ ਵਿਦਿਆਰਥੀ | **16,722** ਸਕੂਲ ਜਿਨ੍ਹਾਂ ਵਿੱਚ 100 ਐਮ.ਬੀ.ਪੀ.ਐਸ. (MBPS) ਤੱਕ ਇੰਟਰਨੈੱਟ ਕਨੈਕਟੀਵਿਟੀ ਹੈ (ਕੰਮ ਜਾਰੀ ਹੈ) |
| **6,298** ਕੰਪਿਊਟਰ ਲੈਬਾਂ ਵਾਲੇ ਸਕੂਲ | **19,076** ਸਮਾਰਟ ਕਲਾਸਰੂਮਾਂ ਵਾਲੇ ਸਕੂਲ | **4,375** ਸੋਲਰ ਪੈਨਲ ਵਾਲੇ ਸਕੂਲ |
| **1,125** ਕਿਲੋਮੀਟਰ ਬਾਉਂਡਰੀ ਵਾਲ (7082 ਸਕੂਲਾਂ ਵਿੱਚ ਨਿਰਮਾਣ ਅਧੀਨ) | **2,042** ਕੈਂਪਸ ਮੈਨੇਜਰਾਂ ਵਾਲੇ ਸਕੂਲ (ਨਿਯੁਕਤੀ ਪ੍ਰਕਿਰਿਆ ਅਧੀਨ) | **8,502** ਸਫ਼ਾਈ ਕਰਮਚਾਰੀਆਂ ਵਾਲੇ ਸਕੂਲ |

ਡਾਟਾ ਸਰੋਤ: ਸਕੂਲ ਸਿੱਖਿਆ ਵਿਭਾਗ, ਪੰਜਾਬ।

## ਸਮਾਵੇਸ਼ੀ ਸਿੱਖਿਆ ਲਈ ਜੈਂਡਰ ਚੈਂਪੀਅਨਾਂ ਨੂੰ ਸਿੱਖਿਅਤ ਕਰਨਾ

2020 ਸਟੇਟ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (SCERT) ਨੇ ਬ੍ਰੇਕਥਰੂ ਦੇ ਸਹਿਯੋਗ ਨਾਲ 18 ਅਤੇ 19 ਮਾਰਚ 2025 ਨੂੰ ਜੈਂਡਰ ਚੈਂਪੀਅਨਾਂ ਲਈ ਦੋ-ਰੋਜ਼ਾ ਸਿਖਲਾਈ ਦਾ ਸਫਲ ਆਯੋਜਨ ਕੀਤਾ। ਇਸ ਪ੍ਰੋਗਰਾਮ ਵਿੱਚ ਸਾਡੇ ਕੋਲ 47 ਜੈਂਡਰ ਚੈਂਪੀਅਨਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਐਸਸੀਈਆਰਟੀ ਮੋਹਾਲੀ ਦੇ ਪ੍ਰਤੀਨਿਧੀ ਅਤੇ ਪੰਜਾਬ ਭਰ ਦੇ ਵੱਖ-ਵੱਖ ਡਾਇਟਾਂ (DIETs) ਦੇ ਹੋਰ ਮੈਂਬਰ ਸ਼ਾਮਿਲ ਹਨ। ਸਿਖਲਾਈ ਦਾ ਉਦੇਸ਼ **ਭਾਗੀਦਾਰਾਂ ਨੂੰ ਵਿਦਿਅਕ ਸੰਸਥਾਵਾਂ ਵਿੱਚ ਲਿੰਗ ਸਮਾਨਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਲਈ ਹੁਨਰ ਅਤੇ ਗਿਆਨ ਨਾਲ ਲੈਸ ਕਰਨਾ ਸੀ**। ਇਸ ਸਿਖਲਾਈ ਨੇ ਜੈਂਡਰ ਚੈਂਪੀਅਨਾਂ ਨੂੰ **ਲਿੰਗ-ਸੰਵੇਦਨਸ਼ੀਲ ਸਿੱਖਿਆ ਸ਼ਾਸਤਰ ਅਤੇ ਸਮਾਵੇਸ਼ੀ ਸਿੱਖਿਆ ਵਾਤਾਵਰਣ** ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਸਿਖਲਾਈ ਪ੍ਰਦਾਨ ਕੀਤੀ, ਜਿਸ ਨਾਲ ਪੰਜਾਬ ਦੇ ਵਿਦਿਅਕ ਦ੍ਰਿਸ਼ ਵਿੱਚ ਪ੍ਰਣਾਲੀਗਤ ਤਬਦੀਲੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।



**ਸਿਖਲਾਈ ਗਤੀਵਿਧੀਆਂ ਵਿੱਚ ਭਾਗ ਲੈਂਦੇ ਹੋਏ।**

> "ਮੇਰਾ ਮੰਨਣਾ ਹੈ ਕਿ ਸਾਨੂੰ ਉਨ੍ਹਾਂ ਲਿੰਗ ਮਾਪਦੰਡਾਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ ਜਿਨ੍ਹਾਂ ਨੂੰ ਅਸੀਂ ਅਕਸਰ ਵਿਦਿਆਰਥੀਆਂ ਨੂੰ ਇਹਨਾਂ ਨੂੰ ਚੁਣੌਤੀ ਦੇਣ ਲਈ ਉਤਸ਼ਾਹਿਤ ਕਰਦੇ ਹਾਂ। ਅੱਜ ਦੇ ਸੰਦਰਭ ਵਿੱਚ, ਜ਼ਿਆਦਾਤਰ ਲਿੰਗ ਮਾਪਦੰਡ ਪੁਰਾਣੇ ਹੋ ਚੁੱਕੇ ਹਨ ਅਤੇ ਲੋਕ ਉਨ੍ਹਾਂ ਦਾ ਮੁੜ ਜਾਇਜ਼ਾ ਲੈ ਰਹੇ ਹਨ। ਸਾਨੂੰ 21ਵੀਂ ਸਦੀ ਦੀ ਭਾਵਨਾ ਦੇ ਮੱਦੇ ਨਜ਼ਰ ਵਿੱਚ ਲਿੰਗ ਮਾਪਦੰਡ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਸਰਗਰਮੀ ਨਾਲ ਕੰਮ ਕਰਨਾ ਚਾਹੀਦਾ ਹੈ।
>
> **- ਡਾਈਟ ਫੈਕਲਟੀ ( ਇੱਕ ਹਾਜ਼ਰਿਨ)**

**ਸਾਡੇ ਨਾਲ ਸੰਪਰਕ ਕਰੋ! ਆਪਣੇ ਵਿਚਾਰ, ਸੁਝਾਅ ਜਾਂ ਸਕੂਲ ਆਫ਼ ਐਮੀਨੈਂਸ 'ਚ ਕੀਤੀ ਜਾ ਰਹੀ ਸ਼ਾਨਦਾਰ ਕੰਮ ਦੀ ਜਾਣਕਾਰੀ ਸਾਂਝੀ ਕਰੋ** schoolofeminencepunjab@gmail.com **ਤੇ।**

Disclaimer: Details and photos in this newsletter are for informational purposes. We recommend verification before usage.